**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

# <u>ਪਬਲਿਕ ਨੋਟਿਸ</u>

**ਨੰ: ਈ/845702(6)** **ਮਿਤੀ- 27.05.2025**

**1. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 6635 ਅਸਾਮੀਆਂ ਭਰਨ ਲਈ ਮਿਤੀ 30.07.2021 ਨੂੰ (Post of Teacher in Disadvantage Area, Punjab Act No. 12 of 2021) ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਦਾ ਨਤੀਜਾ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਿਤੀ 28.05.2022 ਨੂੰ ਘੋਸ਼ਿਤ ਕੀਤਾ ਗਿਆ । ਵਿਗਿਆਪਨ ਅਨੁਸਾਰ OPEN ਕੈਟਾਗਰੀ ਅਤੇ EWS ਕੈਟਾਗਰੀ ਦੀਆਂ ਸਾਰੀਆਂ ਅਸਾਮੀਆਂ ਭਰੀਆਂ ਜਾ ਚੁੱਕੀਆਂ ਸਨ। ਇਹ ਭਰਤੀ ਮੁਕੰਮਲ ਹੋਣ ਉਪਰੰਤ ਇਸ ਦਫਤਰ ਦੇ ਹੁਕਮ ਨੰ: 381540 /2024204633 ਮਿਤੀ 19.08.2024 ਦੇ ਪਬਲਿਕ ਨੋਟਿਸ ਰਾਂਹੀ ਬੰਦ ਕੀਤੀ ਜਾ ਚੁੱਕੀ ਸੀ।**

**2. ਕੁਝ ਉਮੀਦਵਾਰਾਂ ਵੱਲੋਂ CWP No. 4264 of 2021 ਸਿੰਕਦਰ ਸਿੰਘ (ਬੰਚ ਮੈਟਰ) ਰਾਂਹੀ EWS ਦੇ ਰਾਖਵਾਂਕਰਨ ਨੂੰ ਚੈਲੇਂਜ ਕੀਤਾ ਗਿਆ। ਇਸ ਬੰਚ ਮੈਂਟਰ ਵਿਚ 6635 ਈਟੀਟੀ CWP No. 14988 of 2023 ਰਜੋ ਬਾਈ ਵੀ ਕਲੱਬ ਸੀ। ਪਟੀਸ਼ਨਰਾਂ ਵੱਲੋਂ ਉਪਰੋਕਤ ਰਿਟਾਂ ਵਿਚ ਹੋਏ ਫੈਸਲੇ ਮਿਤੀ 14.10.2024 ਨੂੰ ਲਾਗੂ ਕਰਾਉਣ ਲਈ CM-6025-CII-2025 in COCP-5172-2024 ਦਾਇਰ ਕੀਤੀਆਂ ਗਈਆਂ, ਇਹਨਾਂ ਦੇ ਫੈਸਲੇ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਰੀ-ਕਾਸਟ ਪ੍ਰੋਵੀਜਨਲ (ਫੇਜ਼-1) ਸਿਲੈਕਸ਼ਨ ਸੂਚੀ ਮਿਤੀ 02.05.2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ।**

**3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਰੀ-ਕਾਸਟਿਡ ਪ੍ਰੋਵੀਜ਼ਨਲ (ਫੇਜ਼-1) ਸਿਲੈਕਸ਼ਨ ਸੂਚੀ ਵਿਚ OPEN ਕੈਟਾਗਰੀ ਵਿਚ EWS ਕੈਟਾਗਰੀ ਦੇ ਨਵੇਂ ਯੋਗ ਉਮੀਦਵਾਰ ਸ਼ਾਮਿਲ ਕੀਤੇ ਗਏ ਹਨ। ਜਿਸ ਕਾਰਨ EWS ਕੈਟਾਗਰੀ ਦੀਆਂ ਖਾਲੀ ਅਸਾਮੀਆਂ ਵਿਰੁੱਧ 117 ਯੋਗ ਉਮੀਦਵਾਰਾਂ ਨੂੰ ਆਨ-ਲਾਈਨ ਪ੍ਰਕ੍ਰਿਆ ਰਾਂਹੀ ਮਿਤੀ 03.05.2025 ਤੋਂ 04.05.2025 ਨੂੰ ਸਟੇਸ਼ਨ ਚੋਣ ਕਰਵਾਈ ਗਈ ਸੀ। ਜਿਸ ਅਨੁਸਾਰ MIS ਸਾਖਾ ਵੱਲੋਂ 117 ਯੋਗ ਉਮੀਦਵਾਰਾਂ ਨੂੰ ਅਲਾਟ ਕੀਤੇ ਸਟੇਸ਼ਨ ਉਹਨਾਂ ਦੀ ਆਈ. ਡੀ. ਵਿੱਚ ਅਪਲੋਡ ਕੀਤੇ ਜਾ ਚੁੱਕੇ ਹਨ।**

**4. ਯੋਗ ਉਮੀਦਵਾਰ ਨੂੰ ਜਿਸ ਜਿਲ੍ਹੇ ਵਿੱਚ ਸਟੇਸ਼ਨ ਅਲਾਟ ਹੋਇਆ ਹੈ, ਉਹ ਸਿਲੈਕਸ਼ਨ ਨਤੀਜੇ ਦੀ ਕਾਪੀ , ਆਨ-ਲਾਈਨ ਸਟੇਸ਼ਨ ਅਲਾਟਮੈਂਟ ਦੀ ਕਾਪੀ, ਅਤੇ ਆਪਣਾ ਆਈ.ਡੀ.ਪਰੂਫ ਅਤੇ ਲੋੜੀਂਦੇ ਦਸਤਾਵੇਜ ਲੈ ਕੇ ਮਿਤੀ 29.05.2025 ਨੂੰ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਵਿਖੇ ਪਹੁੰਚ ਕੇ ਨਿਯੁਕਤੀ ਪੱਤਰ ਪ੍ਰਾਪਤ ਕਰਨਾ ਯਕੀਨੀ ਬਣਾਉਣ।**

**ਸਹਾਇਕ ਡਾਇਰੈਕਟਰ (ਅਮਲਾ-2)**